**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ, ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਬਾਰੇ ਚਰਚਾ ਕਰਨ ਲਈ ਕੈਨੇਡਾ ਵਿੱਚ ਆਪਣੀ ਪਹਿਲੀ ਆਭਾਸੀ ਕਾਨਫਰੰਸ ਆਯੋਜਿਤ ਕਰ ਰਿਹਾ ਹੈ

***ਇਹਨਾਂ ਮੁੱਦਿਆਂ ਤੇ ਧਿਆਨ ਦੇਣ ਲਈ ਸਿਟੀ, ਮਿਉਨਿਸਿਪਲਟੀਜ ਦੇ ਰਾਸ਼ਟਰੀ ਗੱਠਜੋੜ ਦੇ ਨਿਰਮਾਣ ਦੀ ਅਗਵਾਈ ਕਰ ਰਹੀ ਹੈ।***

ਬ੍ਰੈਂਪਟਨ, ਓਨਟੈਰੀਓ (10 ਨਵੰਬਰ, 2020) – ਮੰਗਲਵਾਰ, 10 ਨਵੰਬਰ ਨੂੰ, ਸਿਟੀ ਆਫ ਬ੍ਰੈਂਪਟਨ, ਕੈਨੇਡਾ ਵਿੱਚ ਬਲੈਕ ਭਾਈਚਾਰਿਆਂ ਵਾਸਤੇ, ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਤੇ ਧਿਆਨ ਦੇਣ ਵਾਲੀਆਂ, ਮਿਉਨਿਸਪਲਟੀਜ ਦਾ ਰਾਸ਼ਟਰੀ ਗੱਠਜੋੜ ਬਣਾ ਕੇ, ਆਪਣੀ ਪਹਿਲੀ ਆਭਾਸੀ (ਵਰਚੁਅਲ) ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਕਾਨਫਰੰਸ ਆਯੋਜਿਤ ਕਰ ਰਹੀ ਹੈ।

ਇੱਕ ਦਿਨ ਦੀ ਆਭਾਸੀ ਕਾਨਫਰੰਸ, ਪੂਰੇ ਓਨਟੈਰੀਓ ਦੀਆਂ ਕਈ ਮਿਉਨਿਸਿਪਲਟੀਜ, ਬਲੈਕ ਭਾਈਚਾਰੇ ਦੇ ਆਗੂਆਂ ਅਤੇ ਪ੍ਰਤੀਨਿਧੀਆਂ ਨੂੰ ਇਕੱਠੇ ਲਿਆਵੇਗੀ, ਜਿਹਨਾਂ ਵਿੱਚ ਸ਼ਾਮਲ ਹਨ, ਐਂਟੀ-ਨਸਲਵਾਦ ਵਾਸਤੇ ਜ਼ਿੰਮੇਵਾਰ ਸਾਲਿਸਿਟਰ ਜਨਰਲ ਅਤੇ ਮੰਤਰੀ, ਸਿਲਵਿਆ ਜੋਨਸ (Sylvia Jones) ਅਤੇ ਕੈਨੇਡਾ ਸਰਕਾਰ ਦੇ ਐਂਟੀ-ਨਸਲਵਾਦ ਸੈਕਰੇਟਰੀਏਟ ਦੇ ਡਾਇਰੈਕਟਰ, ਪੀਟਰ ਫਲੇਜਲ (Peter Flegel)। ਇਕੱਠੇ ਮਿਲ ਕੇ, ਮਿਉਨਿਸਿਪਲ ਦੇ ਪ੍ਰਤੀਨਿਧੀ, ਬਲੈਕ ਲੋਕਾਂ ਲਈ ਰੁਕਾਵਟਾਂ ਨੂੰ ਦੂਰ ਕਰਨ ਵਾਸਤੇ ਕਾਰਜਨੀਤੀਆਂ ਤੇ ਚਰਚਾ ਕਰਨਗੇ। ਇਸ ਕਾਨਫਰੰਸ ਨੂੰ ਹੇਠਾਂ ਦਿੱਤੇ ਸੰਗਠਨਾਂ ਵੱਲੋਂ, ਮਾਣ ਨਾਲ ਸਹਿਯੋਗ ਦਿੱਤਾ ਗਿਆ ਹੈ:

- ਰੀਜਨ ਆਫ ਦੁਰਹਮ (Region of Durham)
- ਸਿਟੀ ਆਫ ਹੈਮਿਲਟਨ (City of Hamilton)
- ਸਿਟੀ ਆਫ ਮਰਖਮ (City of Markham)
- ਸਿਟੀ ਆਫ ਲੰਡਨ (City of London)
- ਰੀਜਨ ਆਫ ਪੀਲ (Region of Peel)
- ਟਾਊਨ ਆਫ ਸ਼ੇਲਬਰਨ (Town of Shelburne)
- ਸਿਟੀ ਆਫ ਟੋਰੋਂਟੋ (City of Toronto)
- ਸਿਟੀ ਆਫ ਵੌਨ (City of Vaughan)
- ਐਸੋਸੀਏਸ਼ਨ ਆਫ ਮਿਉਨਿਸਿਪਲਟੀਜ ਓਨਟੈਰੀਓ (Association of Municipalities Ontario)
- ਫੈਡਰੇਸ਼ਨ ਆਫ ਕੈਨੇਡਿਅਨ ਮਿਉਨਿਸਿਪਲਟੀਜ (Federation of Canadian Municipalities)
- ਨੈੱਟਵਰਕ ਫਾਰ ਦ ਐਡਵਾਂਸਮੈਂਟ ਆਫ ਬਲੈਕ ਕਮਿਉਨਿਟੀਜ (Network for the Advancement of Black Communities)

ਚਰਚਾ ਇਸਤੇ ਕੇਂਦਰਿਤ ਹੋਵੇਗੀ ਕਿ ਬਲੈਕ ਨਸਲਵਾਦ ਨੂੰ ਖ਼ਤਮ ਕਰਨ ਲਈ ਅਤੇ ਐਂਟੀ-ਬਲੈਕ ਵਸੀਲਿਆਂ ਤੱਕ ਪਹੁੰਚ ਲਈ, ਸਹਿਯੋਗਾਤਮਕ ਅਤੇ ਸੂਚਨਾਤਮਕ ਪਲੇਟਫਾਰਮ ਵਿਕਸਿਤ ਕਰਨ ਵਾਸਤੇ ਕੰਮ ਕਿਵੇਂ ਸ਼ੁਰੂ ਕੀਤਾ ਜਾਵੇ, ਜਿਸਦਾ ਟੀਚਾ ਅਜਿਹੀਆਂ ਮਜ਼ਬੂਤੀ ਭਾਈਵਾਲੀਆਂ ਦਾ ਨਿਰਮਾਣ ਕਰਨਾ ਹੋਵੇ, ਜੋ ਜਾਣਕਾਰੀ ਸਾਂਝੀ ਕਰਨ ਅਤੇ ਭਵਿੱਖੀ ਪਹਿਲਕਦਮੀਆਂ ਨੂੰ ਵਧਾਉਣ ਵਾਲੀਆਂ ਹੋਣ। ਇਹ ਕਾਨਫਰੰਸ, ਪੂਰੇ ਕੈਨੇਡਾ ਵਿੱਚ ਬਲੈਕ ਭਾਈਚਾਰਿਆਂ ਵਿੱਚ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਤੇ ਧਿਆਨ ਦੇਣ ਵਾਲੀਆਂ, ਮਿਉਨਿਸਪਲਟੀਜ ਦਾ ਰਾਸ਼ਟਰੀ ਗੱਠਜੋੜ ਬਣਾਉਣ ਵਿੱਚ ਪਹਿਲਾ ਕਦਮ ਹੈ।

ਇਹ ਕਾਨਫਰੰਸ ਉਹਨਾਂ ਦੋ ਕਾਨਫਰੰਸਾਂ ਵਿੱਚੋਂ ਇੱਕ ਹੈ, ਜੋ ਸਿਟੀ ਇਸ ਸਾਲ ਆਯੋਜਿਤ ਕਰ ਰਹੀ ਹੈ। ਦੂਜੀ ਕਾਨਫਰੰਸ, ਦਸੰਬਰ ਵਿੱਚ ਹੋਵੇਗੀ ਅਤੇ ਆਰਥਿਕ ਸ਼ਕਤੀਕਰਨ ਤੇ ਕੇਂਦਰਿਤ ਹੋਵੇਗੀ।

ਐਂਟੀ-ਬਲੈਕ ਨਸਲਵਾਦ ਤੇ, ਬ੍ਰੈਂਪਟਨ ਦੀਆਂ ਪਹਿਲਕਦਮੀਆਂ ਅਤੇ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਬਾਰੇ brampton.ca/antiblackracism ਤੇ ਹੋਰ ਜਾਣੋ।

The Corporation of The City of Brampton
2 Wellington Street West, Brampton, ON L6Y 4R2 | 311 | TTY: 905.874.2130

**ਬ੍ਰੈਂਪਟਨ ਦੀ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਬਾਰੇ**

10 ਜੂਨ, 2020 ਨੂੰ, ਸਿਟੀ ਕਾਊਂਸਿਲ (City Council) ਨੇ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਨੂੰ ਪ੍ਰਵਾਨਗੀ ਦਿੱਤੀ ਸੀ। ਸੀਨੀਅਰ ਐਡਵਾਈਜ਼ਰ, ਗਵਿਨੇਥ ਚੈਪਮੈਨ (Gwyneth Chapman) ਦੀ ਅਗਵਾਈ ਵਿੱਚ, ਇਕਾਈ ਬ੍ਰੈਂਪਟਨ ਵਿੱਚ ਪ੍ਰਣਾਲੀਗਤ ਐਂਟੀ-ਬਲੈਕ ਨਸਲਵਾਦ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕਾਰਜ ਯੋਜਨਾ ਵੀ ਵਿਕਸਿਤ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੈ। ਬ੍ਰੈਂਪਟਨ ਦੇ ਲੋਕਲ ਭਾਈਚਾਰਕ ਸਟੇਕਹੋਲਡਰਾਂ ਵੱਲੋਂ ਨਿਰਦੇਸ਼ਿਤ, ਇਸ ਇਕਾਈ ਦਾ ਕੰਮ, ਬ੍ਰੈਂਪਟਨ ਦੇ ਬਲੈਕ ਭਾਈਚਾਰੇ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਥਿਤੀ ਨੂੰ ਉੱਚਾ ਚੁੱਕਣ ਤੇ ਕੇਂਦਰਿਤ ਹੋਵੇਗਾ।

ਸਿਟੀ ਵੱਲੋਂ ਐਂਟੀ-ਬਲੈਕ ਨਸਲਵਾਦ ਇਕਾਈ ਵਿਕਸਿਤ ਕਰਨ ਬਾਰੇ ਹੋਰ ਜਾਣਨ ਲਈ ਜਾਂ ਇਸ ਵਿੱਚ ਸ਼ਾਮਲ ਹੋਣ ਵਾਸਤੇ ਆਪਣੀ ਦਿਲਚਸਪੀ ਪ੍ਰਗਟ ਕਰਨ ਲਈ, ਕਿਰਪਾ ਕਰਕੇ ਸਿਟੀ ਨੂੰ economicantiblackracism@brampton.ca ਤੇ ਸੰਪਰਕ ਕਰੋ।

**ਹਵਾਲੇ**

"ਬ੍ਰੈਂਪਟਨ ਇੱਕ ਮੋਜ਼ੈਕ ਹੈ ਅਤੇ ਸਾਨੂੰ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਵਾਲੇ ਸ਼ਹਿਰ ਵਿੱਚ ਹੋਣ ਤੇ ਮਾਣ ਹੈ। ਇਸ ਗਰਮੀ ਦੇ ਸ਼ੁਰੂ ਵਿੱਚ, ਬ੍ਰੈਂਪਟਨ ਸਿਟੀ ਕਾਊਂਸਿਲ ਨੇ, ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਨੂੰ ਪ੍ਰਵਾਨਗੀ ਦਿੱਤੀ ਸੀ। ਇਹ ਕਾਨਫਰੰਸ ਉਹਨਾਂ ਦੋ ਕਾਨਫਰੰਸਾਂ ਵਿੱਚੋਂ ਇੱਕ ਹੈ, ਜੋ ਬ੍ਰੈਂਪਟਨ ਇਸ ਸਾਲ ਆਯੋਜਿਤ ਕਰ ਰਿਹਾ ਹੈ। ਮੈਨੂੰ ਪਤਾ ਹੈ ਕਿ ਇਹ ਸਾਡੇ ਸਾਰਿਆਂ ਵਾਸਤੇ ਵਿਚਾਰ ਸਾਂਝੇ ਕਰਨ ਲਈ ਸੁਰੱਖਿਅਤ ਥਾਂ ਅਤੇ ਵਸੀਲਿਆਂ ਤੱਕ ਪਹੁੰਚ ਲਈ ਸਾਰਿਆਂ ਵਾਸਤੇ ਇੱਕ ਸਹਿਯੋਗਾਤਮਕ ਅਤੇ ਸੂਚਨਾਤਮਕ ਪਲੇਟਫਾਰਮ ਪ੍ਰਦਾਨ ਕਰੇਗੀ। ਇਹ ਕਾਰਜਕਰਮ, ਬ੍ਰੈਂਪਟਨ ਵਿੱਚ ਅਤੇ ਪੂਰੇ ਦੇਸ਼ ਵਿੱਚ ਬਲੈਕ ਭਾਈਚਾਰੇ ਦੇ ਵਿਰੁੱਧ ਨਸਲਵਾਦ ਨੂੰ ਸਮਝਣ ਅਤੇ ਇਸਨੂੰ ਦੂਰ ਕਰਨ ਵਾਸਤੇ ਕੰਮ ਕਰਨ ਲਈ ਮਹੱਤਵਪੂਰਣ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਹ ਕਾਨਫਰੰਸ, ਐਂਟੀ-ਬਲੈਕ ਨਸਲਵਾਦ ਤੇ ਧਿਆਨ ਦੇਣ ਅਤੇ ਅਸਲੀ ਤਬਦੀਲੀ ਵਾਸਤੇ ਉਤਸ਼ਾਹਿਤ ਕਰਨ ਤੇ ਕੰਮ ਕਰਦੇ ਹੋਏ, ਪੂਰੇ ਸੂਬੇ ਵਿੱਚ ਮਿਊਨਿਸਿਪਲ ਪ੍ਰਤੀਨਿਧੀਆਂ ਨੂੰ ਇਕੱਠੇ ਲਿਆਵੇਗੀ, ਜੋ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਵਿੱਚ ਮਾਹਰ ਹਨ। ਸਿਟੀ ਆਫ ਬ੍ਰੈਂਪਟਨ, ਇਸ ਤਰ੍ਹਾਂ ਦੀ ਪਹਿਲੀ ਕਾਨਫਰੰਸ ਨੂੰ ਸੰਭਵ ਬਣਾਉਣ ਵਿੱਚ ਮਦਦ ਲਈ ਆਪਣੇ ਭਾਈਵਾਲਾਂ ਦਾ ਧੰਨਵਾਦ ਕਰਦੀ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਇਤਿਹਾਸ ਨੇ ਪ੍ਰਣਾਲੀਗਤ ਰੁਕਾਵਟਾਂ ਪੈਦਾ ਕੀਤੀਆਂ ਹਨ, ਜੋ ਬਲੈਕ ਲੋਕਾਂ ਨੂੰ ਸਮਾਜ ਦੇ ਸਾਰੇ ਹਿੱਸਿਆਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਲੈਣ ਤੋਂ ਰੋਕਦੀਆਂ ਹਨ। ਸਿਟੀ ਆਫ ਟੋਰੋਂਟੋ, ਇੱਕ ਅੰਤਰਦ੍ਰਿਸ਼ਟੀ ਵਾਲੀ ਪੇਸ਼ਕਾਰੀ ਦੇ ਨਾਲ ਇਸ ਕਾਨਫਰੰਸ ਦੀ ਸ਼ੁਰੂਆਤ ਕਰੇਗਾ, ਜੋ ਐਂਟੀ-ਬਲੈਕ ਨਸਲਵਾਦ ਇਕਾਈ ਸਥਾਪਤ ਕਰਨ ਵਿੱਚ ਉਹਨਾਂ ਵੱਲੋਂ ਕੀਤੇ ਗਏ ਮਹੱਤਵਪੂਰਣ ਕੰਮ ਬਾਰੇ ਹੋਵੇਗੀ। ਇਸਤੋਂ ਬਾਅਦ ਇਸ ਕੰਮ ਲਈ ਸਮਰਪਿਤ ਕਰਮਚਾਰੀਆਂ ਦੇ ਨਾਲ ਰਾਊਂਡਟੇਬਲ ਚਰਚਾ ਹੋਵੇਗੀ। ਐਂਟੀ-ਬਲੈਕ ਨਸਲਵਾਦ ਇੱਕ ਗਲੋਬਲ, ਰਾਸ਼ਟਰੀ ਅਤੇ ਲੋਕਲ ਮੁੱਦਾ ਹੈ। ਸਾਨੂੰ ਐਂਟੀ-ਬਲੈਕ ਨਸਲਵਾਦ ਨੂੰ ਖ਼ਤਮ ਕਰਨ ਲਈ ਅਤੇ ਕੈਨੇਡਾ ਵਿੱਚ ਬਲੈਕ ਭਾਈਚਾਰਿਆਂ ਦੇ ਆਰਥਿਕ ਸ਼ਕਤੀਕਰਨ ਲਈ ਕੰਮ ਕਰਨ ਵਾਲੇ ਸ਼ਹਿਰਾਂ ਦੇ, ਰਾਸ਼ਟਰੀ ਗੱਠਜੋੜ ਵਿਕਸਿਤ ਕਰਨ ਲਈ, ਪੂਰੇ ਦੇਸ਼ ਦੇ ਸ਼ਹਿਰਾਂ ਨਾਲ ਕੰਮ ਕਰਕੇ ਖੁਸ਼ੀ ਹੋ ਰਹੀ ਹੈ। ਜੇਕਰ ਅਸੀਂ ਇਕੱਠੇ ਕੰਮ ਕਰਦੇ ਹਾਂ ਤਾਂ ਅਸੀਂ ਬੇਮਿਸਾਲ ਟੀਚੇ ਹਾਸਲ ਕਰ ਸਕਦੇ ਹਾਂ। ਅਸੀਂ ਅਜਿਹਾ ਸਿਸਟਮ ਹਾਂ, ਜੋ ਸਿਸਟਮ ਨੂੰ ਬਦਲ ਸਕਦਾ ਹੈ।"

- *ਗਵਿਨੇਥ ਚੈਪਮੈਨ (Gwyneth Chapman), ਸੀਨੀਅਰ ਐਡਵਾਈਜ਼ਰ, ਇਕੋਨੋਮਿਕ ਐਮਪਾਵਰਮੈਂਟ ਐਂਡ ਐਂਟੀ-ਬਲੈਕ ਰੇਸਿਜ਼ਮ, ਸਿਟੀ ਆਫ ਬ੍ਰੈਂਪਟਨ*

“ਟੋਰੋਂਟੋ ਵਿੱਚ ਮੁਕਾਬਲਾ ਕਰਨ ਵਾਲੀ ਐਂਟੀ-ਬਲੈਕ ਇਕਾਈ ਦੀ, ਸਿਰਫ਼ ਸਥਾਪਨਾ ਕਰਨਾ ਹੀ ਜ਼ਰੂਰੀ ਨਹੀਂ ਸੀ, ਬਲਕਿ ਅਜਿਹਾ ਤਰੀਕਾ ਅਪਨਾਉਣਾ ਵੀ ਮਹੱਤਵਪੂਰਣ ਸੀ, ਜਿਸ ਵਿੱਚ ਅਸੀਂ ਸਾਡੇ ਸ਼ਹਿਰ ਵਿੱਚ, ਐਂਟੀ-ਬਲੈਕ ਨਸਲਵਾਦ ਤੇ ਧਿਆਨ ਦੇਣ ਅਤੇ ਇਸਨੂੰ ਖ਼ਤਮ ਕਰਨ ਦੇ ਪ੍ਰਤੀ ਸਾਡੀ ਵਚਨਬੱਧਤਾ ਦਰਸਾਈ ਹੈ। ਮੈਨੂੰ ਖੁਸ਼ੀ ਹੈ ਕਿ ਸਿਟੀ ਆਫ ਟੋਰੋਂਟੋ ਦਾ ਸਟਾਫ਼, ਜੀ.ਟੀ.ਏ. ਵਿੱਚ ਐਂਟੀ-ਬਲੈਕ ਨਸਲਵਾਦ ਦਾ ਮੁਕਾਬਲਾ ਕਰਨ ਵਾਸਤੇ, ਬ੍ਰੈਂਪਟਨ ਦੀ ਪਹਿਲਕਦਮੀ ਵਿੱਚ ਹਿੱਸਾ ਲੈ ਰਿਹਾ ਹੈ ਅਤੇ ਰੀਜਨ ਦੇ ਨਾਲ ਸਭ ਤੋਂ ਵਧੀਆ ਪੱਧਤੀਆਂ ਸਾਂਝੀਆਂ ਕਰ ਰਿਹਾ ਹੈ ਤਾਂ ਜੋ ਅਸੀਂ ਸਾਰੇ, ਨਸਲਵਾਦ ਨਾਲ ਨਿਪਟਣ ਲਈ ਸਾਂਝਾ ਯਤਨ ਕਰੀਏ। ਮੈਨੂੰ ਇਹ ਦੇਖ ਕੇ ਹਮੇਸ਼ਾ ਮਾਣ ਮਹਿਸੂਸ ਹੁੰਦਾ ਹੈ ਕਿ ਸੀ.ਏ.ਬੀ.ਆਰ ਇਕਾਈ ਨੂੰ ਇਸਦੀ ਲੀਡਰਸ਼ਿਪ ਅਤੇ ਮਿਹਨਤ ਵਾਸਤੇ ਮਾਨਤਾ ਦਿੱਤੀ ਜਾ ਰਹੀ ਹੈ, ਕਿਉਂਕਿ ਉਹ ਲਗਾਤਾਰ ਸਾਡੀ ਕਾਰਵਾਈ ਯੋਜਨਾ ਨੂੰ ਲਾਗੂ ਕਰ ਰਹੇ ਹਨ ਅਤੇ ਇਹ ਯਕੀਨੀ ਬਣਾ ਰਹੇ ਹਨ ਕਿ ਟੋਰੋਂਟੋ ਦੇ ਬਲੈਕ ਭਾਈਚਾਰੇ ਦੀ ਅਵਾਜ਼ ਸੁਣੀ ਜਾਂਦੀ ਹੈ। ਟੋਰੋਂਟੋ, ਦੁਨੀਆ ਵਿੱਚ ਸਭ ਤੋਂ ਵੱਧ ਵੰਨ-ਸੁਵੰਨਾ ਸ਼ਹਿਰ ਹੈ ਅਤੇ ਅਸੀਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਨਸਲਵਾਦ ਲਈ ਸਾਡੇ ਸ਼ਹਿਰ ਵਿੱਚ ਕੋਈ ਜਗ੍ਹਾ ਨਹੀਂ ਹੈ। ਸਾਨੂੰ ਨਾ ਸਿਰਫ਼ ਸ਼ਹਿਰ ਵਿੱਚ ਬਲਕਿ ਰੀਜਨ ਵਜੋਂ ਵੀ ਇਕੱਠੇ ਮਿਲ ਕੇ ਕੰਮ ਕਰਨ ਦੀ ਲੋੜ ਹੈ, ਤਾਂ ਜੋ ਅਸੀਂ ਇਸ ਜਾਰੀ ਚੁਣੌਤੀ ਤੇ ਧਿਆਨ ਦੇ ਸਕੀਏ। ਇਕੱਠੇ ਮਿਲ ਕੇ ਅਸੀਂ ਬਲੈਕ ਭਾਈਚਾਰਿਆਂ ਨੂੰ ਸ਼ਕਤੀਸ਼ਾਲੀ ਬਣਾ ਸਕਦੇ ਹਾਂ ਅਤੇ ਹਰ ਕਿਸੇ ਲਈ ਬਰਾਬਰ ਮੌਕਿਆਂ ਦੇ ਨਾਲ ਰਹਿਣ ਲਈ ਇੱਕ ਸੁਰੱਖਿਅਤ ਥਾਂ ਤਿਆਰ ਕਰ ਸਕਦੇ ਹਾਂ।”

- *ਜੌਨ ਟੋਰੀ (John Tory), ਮੇਅਰ, ਸਿਟੀ ਆਫ ਟੋਰੋਂਟੋ*

“ਸੂਬੇ ਵਜੋਂ ਸਾਡੀ ਤਾਕਤ, ਲੋਕਾਂ ਵਜੋਂ ਸਾਡੀ ਤਾਕਤ ਤੇ ਨਿਰਭਰ ਕਰਦੀ ਹੈ। ਆਪਣੇ ਵਾਅਦਿਆਂ ਤੇ ਖਰਾ ਉੱਤਰਨ ਵਾਲਾ, ਬਿਹਤਰ ਓਨਟੈਰੀਓ ਬਣਨ ਦੇ ਰਸਤੇ ਲਈ, ਵਿਸਤ੍ਰਿਤ ਭਾਈਵਾਲੀ ਅਤੇ ਮੂਲ ਲੀਡਰਸ਼ਿਪ ਦੀ ਲੋੜ ਹੈ। ਸਾਡੀ ਸਰਕਾਰ ਅਜਿਹਾ ਸੂਬਾ ਬਣਾਉਣ ਲਈ ਕੰਮ ਕਰ ਰਹੀ ਹੈ, ਜਿੱਥੇ ਹਰੇਕ ਓਨਟੈਰੀਓ ਵਾਸੀ ਕੋਲ ਵਿਕਸਿਤ ਹੋਣ ਦਾ ਬਰਾਬਰ ਮੌਕਾ ਹੋਵੇ, ਜਿੱਥੇ ਹਰ ਕੋਈ ਉੱਨਤੀ ਕਰ ਸਕੇ। ਓਨਟੈਰੀਓ ਸਰਕਾਰ ਸਾਡੇ ਸਾਰੇ ਭਾਈਵਾਲਾਂ ਦਾ ਧੰਨਵਾਦ ਕਰਦੀ ਹੈ, ਜੋ ਬਲੈਕ ਭਾਈਚਾਰਿਆਂ ਨੂੰ ਸ਼ਕਤੀਸ਼ਾਲੀ ਬਣਾਉਣ ਵਾਸਤੇ, ਪ੍ਰਭਾਵੀ ਹੱਲ ਲੱਭਣ ਵਿੱਚ ਮਦਦ ਲਈ ਇਕੱਠੇ ਮਿਲ ਕੇ ਕੰਮ ਕਰ ਰਹੇ ਹਨ।”

- *ਸਿਲਵਿਆ ਜੋਨਸ (Sylvia Jones), ਸਾਲਿਸਿਟਰ ਜਨਰਲ ਐਂਡ ਮਿਨਿਸਟਰ ਰਿਸਪੌਂਸੀਬਲ ਫਾਰ ਐਂਟੀ-ਰੇਸਿਜ਼ਮ*

"ਏ.ਐਮ.ਓ. ਨੂੰ, ਐਂਟੀ-ਨਸਲਵਾਦ ਅਤੇ ਆਰਥਿਕ ਸ਼ਕਤੀਕਰਨ ਬਾਰੇ ਸਿਟੀ ਆਫ ਬ੍ਰੈਂਪਟਨ ਅਤੇ ਸਾਰੇ ਭਾਈਚਾਰਿਆਂ ਦੇ ਯਤਨਾਂ ਵਿੱਚ ਉਹਨਾਂ ਦੀ ਮਦਦ ਕਰਕੇ ਖੁਸ਼ੀ ਹੋ ਰਹੀ ਹੈ। ਅਜਿਹਾ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨਾ ਜ਼ਰੂਰੀ ਹੈ ਅਤੇ ਬੇਹੱਦ ਲੋੜੀਂਦਾ ਕਦਮ ਹੈ।"

- *ਪੇਟਰਾ ਵੋਲਫਬੀਸ (Petra Wolfbeiss), ਡਾਇਰੈਕਟਰ, ਮੈਂਬਰਸ਼ਿਪ ਸੈਂਟਰ, ਐਸੋਸੀਏਸ਼ਨ ਆਫ ਮਿਊਨਿਸਿਪਲਟੀਜ਼ ਆਫ ਓਨਟੈਰੀਓ*

“ਜੇਕਰ ਅਸੀਂ ਆਰਥਿਕ ਬੰਦਸ਼ ਅਤੇ ਐਂਟੀ-ਬਲੈਕ ਨਸਲਵਾਦ ਨਾਲ ਨਹੀਂ ਨਿਪਟਦੇ ਹਾਂ, ਤਾਂ ਕੈਨੇਡਾ ਵਿੱਚ ਬਲੈਕ ਭਾਈਚਾਰਿਆਂ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਤੇ ਧਿਆਨ ਨਹੀਂ ਦਿੱਤਾ ਜਾ ਸਕਦਾ। ਇਹ ਚੁਣੌਤੀਆਂ, ਪੀੜ੍ਹੀਗਤ ਅਤੇ ਪ੍ਰਣਾਲੀਗਤ ਹਨ ਅਤੇ ਇਹਨਾਂ ਲਈ ਸਥਿਰ ਸਹਿਯੋਗਾਤਮਕ ਈਕੋਸਿਸਟਮ-ਪੱਧਰ ਦੇ ਹੱਲ ਲੋੜੀਂਦੇ ਹਨ। ਆਰਥਿਕ ਅਤੇ ਨਾਗਰਿਕ ਸ਼ਮੂਲੀਅਤ ਦੀਆਂ ਮਹਤੱਵਪੂਰਣ ਥਾਵਾਂ ਵਜੋਂ, ਕੈਨੇਡਿਅਨ ਮਿਊਨਿਸਿਪਲਟੀਜ਼ ਦੀ ਭੂਮਿਕਾ ਬੇਹੱਦ ਮਹੱਤਵਪੂਰਣ ਹੈ। ਇਹ ਸਭ, ਅੰਤਰਰਾਸ਼ਟਰੀ ਰਾਸ਼ਟਰੀ ਗੱਠਜੋੜ ਜਾਂ ਮਿਊਨਿਸਿਪਲਟੀਜ਼ ਦੇ ਨੈੱਟਵਰਕ ਦੁਆਰਾ ਇੱਕ-ਦੂਜੇ ਤੋਂ ਕਾਰਵਾਈਆਂ ਬਾਰੇ ਜਾਣ ਕੇ ਅਤੇ ਇੱਕ-ਦੂਜੇ ਨੂੰ ਸਹਿਯੋਗ ਕਰਕੇ ਸ਼ੁਰੂ ਹੁੰਦਾ ਹੈ।”

- *ਅਮੈਨੁਅਲ ਮੇਲੇਸ (Amanuel Melles), ਐਗਜ਼ੀਕਿਉਟਿਵ ਡਾਇਰੈਕਟਰ, ਨੈੱਟਵਰਕ ਫਾਰ ਦ ਐਡਵਾਂਸਮੈਂਟ ਆਫ ਬਲੈਕ ਕਮਿਊਨਿਟੀਜ਼*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON

Media Release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca